व्याख्याता (Punjabi) - 2018

पुस्तिका में पृष्ठों की संख्या : 12
Number of Pages in Booklet : 12

पुस्तिका में प्रश्नों की संख्या : 150
No. of Questions in Booklet : 150

प्रश्न-पत्र पुस्तिका संख्या /
Question Paper Booklet No.

परीक्षा दिनांक - 13.01.2020

**Subject Code : 18**

# LS-91

**5313745**

**विषय / SUBJECT :**
**PUNJABI**

**समय : 3.00 घण्टे**
**Time : 3.00 Hours**

## PAPER-II

**अधिकतम अंक : 300**
**Maximum Marks : 300**

**प्रश्न-पत्र पुस्तिका एवं उत्तर पत्रक के पेपर सील/पॉलिथीन बैग को खोलने पर परीक्षार्थी यह सुनिश्चित कर लें कि उसके प्रश्न-पत्र पुस्तिका पर वही प्रश्न-पत्र पुस्तिका संख्या अंकित है जो उत्तर पत्रक पर अंकित है । इसमें कोई भिन्नता हो तो वीक्षक से दूसरा प्रश्न-पत्र प्राप्त कर लें । ऐसा न करने पर जिम्मेदारी अभ्यर्थी की होगी ।**

**The candidate should ensure that Question Paper Booklet No. of the Question Paper Booklet and Answer Sheet must be same after opening the Paper Seal / Polythene bag. In case they are different, a candidate must obtain another Question Paper. Candidate himself shall be responsible for ensuring this.**

### परीक्षार्थियों के लिए निर्देश

1. **सभी** प्रश्नों के उत्तर दीजिए ।
2. **सभी** प्रश्नों के अंक समान हैं ।
3. प्रत्येक प्रश्न का केवल **एक** ही उत्तर दीजिए ।
4. एक से अधिक उत्तर देने की दशा में प्रश्न के उत्तर को गलत माना जाएगा ।
5. प्रत्येक प्रश्न के चार वैकल्पिक उत्तर दिये गये हैं, जिन्हें क्रमश: 1, 2, 3, 4 अंकित किया गया है । अभ्यर्थी को सही उत्तर निर्दिष्ट करते हुए उनमें से केवल एक गोले अथवा बबल को उत्तर पत्रक पर **नीले बॉल प्वाइंट पेन** से गहरा करना है ।
6. **OMR** उत्तर पत्रक इस परीक्षा पुस्तिका के अन्दर रखा है । जब आपको परीक्षा पुस्तिका खोलने को कहा जाए, तो उत्तर पत्र निकाल कर ध्यान से केवल **नीले बॉल पॉइंट पेन** से विवरण भरें ।
7. **प्रत्येक गलत उत्तर के लिए प्रश्न अंक का 1/3 भाग काटा जायेगा ।** गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है । किसी भी प्रश्न से संबंधित गोले या बबल को खाली छोड़ना गलत उत्तर नहीं माना जायेगा ।
8. मोबाइल फोन अथवा इलेक्ट्रॉनिक यंत्र का परीक्षा हॉल में प्रयोग पूर्णतया वर्जित है । यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी ।
9. कृपया अपना रोल नम्बर ओ.एम.आर. पत्रक पर सावधानीपूर्वक सही भरें । गलत अथवा अपूर्ण रोल नम्बर भरने पर **5 अंक** कुल प्राप्तांकों में से काटे जा सकते हैं ।

**चेतावनी :** अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए विविध नियमों-प्रावधानों के तहत कार्यवाही की जाएगी । साथ ही विभाग ऐसे अभ्यर्थी को भविष्य में होने वाली विभाग की समस्त परीक्षाओं से विवर्जित कर सकता है ।

### INSTRUCTIONS FOR CANDIDATES

1. Answer **all** questions.
2. **All** questions carry equal marks.
3. Only **one** answer is to be given for each question.
4. If more than one answers are marked, it would be treated as wrong answer.
5. Each question has four alternative responses marked serially as **1, 2, 3, 4**. You have to darken only one circle or bubble indicating the correct answer on the Answer Sheet using **BLUE BALL POINT PEN**.
6. The **OMR** Answer Sheet is inside this Test Booklet. When you are directed to open the Test Booklet, take out the Answer Sheet and fill in the particulars carefully with **blue ball point pen** only.
7. **1/3 part of the mark(s) of each question will be deducted for each wrong answer.** A wrong answer means an incorrect answer or more than one answers for any question. Leaving all the relevant circles or bubbles of any question blank will not be considered as wrong answer.
8. Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt as per rules.
9. Please correctly fill your Roll Number in O.M.R. Sheet. **5 Marks** can be deducted for filling wrong or incomplete Roll Number.

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would liable to be prosecuted. Department may also debar him/her permanently from all future examinations.

**इस परीक्षा पुस्तिका को तब तक न खोलें जब तक कहा न जाए ।**
**Do not open this Test Booklet until you are asked to do so.**

1. ਹਾਸ਼ਮ ਦੁਆਰਾ ਰਚਿਤ ਇੱਕ ਸੀਹਰਫ਼ੀ 'ਸੱਸੀ ਪੁੰਨੂੰ' ਦਾ ਪ੍ਰਕਾਸ਼ਨ ਕਿਸ ਵਿਦਵਾਨ ਨੇ ਆਪਣੇ ਦੁਆਰਾ ਸੰਪਾਦਿਤ 'ਸੱਸੀ ਹਾਸ਼ਮ' ਵਿੱਚ ਕੀਤਾ ਹੈ
   (1) ਡਾ. ਹਰਨਾਮ ਸਿੰਘ ਸ਼ਾਨ
   (2) ਡਾ. ਗੁਰਦੇਵ ਸਿੰਘ
   (3) ਡਾ. ਮੋਹਨ ਸਿੰਘ ਦੀਵਾਨਾ
   (4) ਬਾਵਾ ਬੁੱਧ ਸਿੰਘ

2. ਅਲਿਫ਼ ਅੱਲਾ ਚੰਬੇ ਦੀ ਬੂਟੀ,
   ਮੇਰੇ ਮਨ ਵਿੱਚ ਮੁਰਸ਼ਦ ਲਾਈ ਹੂ ।
   ਨਫ਼ੀ ਅਸਬਾਤ ਦਾ ਪਾਣੀ ਮਿਲੇ ਅਸ,
   ਹਰ ਰੰਗੇ ਹਰ ਜਾਈ ਹੂ ।
   ਉਪਰੋਕਤ ਸਤਰਾਂ ਵਿੱਚ 'ਚੰਬੇ ਦੀ ਬੂਟੀ' ਕਿਸ ਦਾ ਪ੍ਰਤੀਕ ਹੈ
   (1) ਮੁਰਸ਼ਦ (2) ਇਸ਼ਕ
   (3) ਰੱਬ (4) ਭਗਤੀ

3. 'ਦੇਵੀ ਦਸਤਿ ਨਚਾਈ, ਸੀਹਣਿ ਸਾਰ ਦੀ ।' ਤੁਕ ਵਿੱਚ ਕਿਹੜੇ ਅਲੰਕਾਰ ਦਾ ਪ੍ਰਤੀਰੂਪਣ ਹੈ
   (1) ਛੇਕ ਅਨੁਪ੍ਰਾਸ (2) ਲਾਟ ਅਨੁਪ੍ਰਾਸ
   (3) ਵ੍ਰਿਤੀ ਅਨੁਪ੍ਰਾਸ (4) ਅੰਤ ਅਨੁਪ੍ਰਾਸ

4. 'ਚੰਡੀ ਦੀ ਵਾਰ' ਵਿੱਚ ਨਿਸ਼ਾਨੀ ਅਤੇ ਸਿਰਖੰਡੀ ਛੰਦ ਦੇ ਤੋਲ ਦੀਆਂ ਕਿੰਨੀਆਂ ਕਿੰਨੀਆਂ ਪਉੜੀਆਂ ਹਨ
   (1) 22 ਨਿਸ਼ਾਨੀ ਅਤੇ 30 ਸਿਰਖੰਡੀ
   (2) 24 ਨਿਸ਼ਾਨੀ ਅਤੇ 28 ਸਿਰਖੰਡੀ
   (3) 20 ਨਿਸ਼ਾਨੀ ਅਤੇ 32 ਸਿਰਖੰਡੀ
   (4) 20 ਨਿਸ਼ਾਨੀ ਅਤੇ 28 ਸਿਰਖੰਡੀ

5. ਸੋਹਣੀ-ਫ਼ਜ਼ਲਸ਼ਾਹ ਦਾ ਰਚਨਾ ਸਮਾਂ ਹੈ
   (1) 1846 ਈ. (2) 1848 ਈ.
   (3) 1852 ਈ. (4) 1854 ਈ.

6. 'ਸਰਦੇ ਹੱਕਾਨੀ', 'ਸਰਦੇ ਮੁਜ਼ਾਹਿਦ' ਅਤੇ 'ਪੋਸ਼ੀਦਾ ਰਾਜ਼ਾਂ ਦਾ ਵਾਕਿਫ਼ਕਾਰ' ਵਰਗੇ ਸਤਿਕਾਰਤ ਲਕਬਾਂ ਨਾਲ ਕਿਸ ਸੂਫੀ ਫ਼ਕੀਰ ਨੂੰ ਯਾਦ ਕੀਤਾ ਜਾਂਦਾ ਹੈ
   (1) ਬਾਬਾ ਫ਼ਰੀਦ (2) ਸ਼ਾਹ ਹੁਸੈਨ
   (3) ਬੁਲ੍ਹੇਸ਼ਾਹ (4) ਸੁਲਤਾਨ ਬਾਹੂ

7. ਸ਼ਾਹ ਹੁਸੈਨ ਰਚਿਤ ਕਾਫ਼ੀਆਂ ਦੀ ਕਿਹੜੀ ਸਰੂਪਗਤ ਵਿਸ਼ੇਸ਼ਤਾ ਨਹੀਂ ਹੈ
   (1) ਪਦ-ਸ਼ੈਲੀ (2) ਰਾਗ ਅਨੁਸ਼ਾਸ਼ਨ
   (3) ਸੰਬੋਧਨਾਤਮਕਤਾ (4) ਛੰਦ ਪ੍ਰਧਾਨਤਾ

8. ਸੰਨ 1905 ਈ. ਵਿੱਚ 'ਖ਼ਾਲਸਾ ਕੁਮਾਰ ਪੱਤਰ' ਵਿੱਚ ਨਾਦਰਸ਼ਾਹ ਦੀ ਵਾਰ ਦਾ ਪਾਠ ਕਿਸਨੇ ਪ੍ਰਕਾਸ਼ਿਤ ਕੀਤਾ
   (1) ਲਾਰਡ ਮੈਕਲੋਗਨ
   (2) ਪੰਡਿਤ ਹਰਿਕ੍ਰਿਸ਼ਨ ਕੌਲ
   (3) ਕਪੂਰ ਸਿੰਘ ਆਈ.ਪੀ.ਐੱਸ
   (4) ਕਰਮ ਸਿੰਘ ਹਿਸਟੋਰੀਅਨ

9. ਰਾਜਸਥਾਨ ਦੀ ਪੰਜਾਬੀ ਕਵਿਤਾ ਵਿੱਚ ਡਾ. ਸ਼ਿੰਦਰ ਚਰਚਿਤ ਨਾਂ ਹੈ । ਉਸਦੇ ਕਾਵਿ-ਸੰਗ੍ਰਹਿ 'ਇਹ ਸੁਪਨਾ ਨਹੀਂ' ਦੀ ਰੂਪ ਵੰਨਗੀ ਹੈ
   (1) ਮਹਾਂ ਕਾਵਿ (2) ਖੰਡ ਕਾਵਿ
   (3) ਗੀਤ (4) ਪ੍ਰਗੀਤ

10. ਪੰਜਾਬੀ ਗ਼ਜ਼ਲ ਦਾ ਮੁੱਢ ਕਿਸ ਰਚਨਾ ਰਾਹੀਂ ਬੱਝਿਆ ਮੰਨਿਆ ਜਾਂਦਾ ਹੈ
   (1) ਦੀਵਾਨੇ ਬਾਹੂ
   (2) ਦੀਵਾਨ ਗੁਲਜ਼ਾਰਿ ਸ਼ਾਹ ਮੁਰਾਦ
   (3) ਦੀਵਾਨੇ ਮੁਹੰਮਦ ਬਖ਼ਸ਼
   (4) ਦੀਵਾਨੇ ਮਿਰਜ਼ਾ ਗਾਲਿਬ

11. 'ਮਾਲਾ ਕਿਉਂ ਤਲਵਾਰ ਬਣੀ' ਗ਼ਜ਼ਲ-ਸੰਗ੍ਰਹਿ ਦੇ ਕਰਤਾ ਹਨ
   (1) ਦੀਪਕ ਜੈਤੋਈ
   (2) ਗੁਰਤੇਜ ਕੋਹਾਰਵਾਲਾ
   (3) ਗੁਰਭਜਨ ਸਿੰਘ ਗਿੱਲ
   (4) ਸਾਧੂ ਸਿੰਘ ਹਮਦਰਦ

12. 'ਇਸ ਚੌਂਕ ਤੋਂ ਸ਼ਹਿਰ ਦਿੱਸਦਾ ਹੈ' ਨਾਟ-ਰਚਨਾ ਦੇ ਕਰਤਾ ਹਨ
   (1) ਅਜਮੇਰ ਔਲਖ (2) ਆਤਮਜੀਤ
   (3) ਗੁਰਸ਼ਰਨ ਸਿੰਘ (4) ਪਾਲੀ ਭੁਪਿੰਦਰ

13. ਅਸੰਗਤ ਚੁਣੋ :

| | A ਨਾਵਲ | B ਨਾਵਲਕਾਰ |
|---|---|---|
| (1) | ਗੁਆਚੇ ਸੂਰਜ | – ਬਲਜੀਤ ਕੌਰ ਬਲੀ |
| (2) | ਕੰਧੀ ਉੱਤੇ ਰੁੱਖੜਾ | – ਸੁਰਜੀਤ ਸਿੰਘ ਸੇਠੀ |
| (3) | ਧੁੱਪ ਵਾਲਾ ਸ਼ਹਿਰ | – ਮੋਹਨ ਕਾਹਲੋਂ |
| (4) | ਰਾਤ ਦਾ ਚਿਹਰਾ | – ਸੁਖਬੀਰ |

14. ਅਸੰਗਤ ਚੁਣੋ :

| A ਕਹਾਣੀ-ਸੰਗ੍ਰਹਿ | B ਕਹਾਣੀਕਾਰ |
|---|---|
| (1) ਆਸ ਦੀ ਤੰਦ | – ਹੀਰਾ ਸਿੰਘ ਦਰਦ |
| (2) ਅਦਬੀ ਅਫ਼ਸਾਨੇ | – ਜੋਸ਼ੂਆ ਫ਼ਜ਼ਲਦੀਨ |
| (3) ਭੁੱਖੀਆਂ ਕੂਹਾਂ | – ਨੌਰੰਗ ਸਿੰਘ |
| (4) ਗਮਲੇ ਦੀ ਵੇਲ | – ਅਤਰਜੀਤ |

15. ਅਸੰਗਤ ਚੁਣੋ :

| A ਨਾਟਕ | B ਨਾਟਕਕਾਰ |
|---|---|
| (1) ਮਿੱਠਾ ਪਾਣੀ | – ਕਰਤਾਰ ਸਿੰਘ ਦੁੱਗਲ |
| (2) ਛਲੇਡਾ | – ਪਰਿਤੋਸ਼ ਗਾਰਗੀ |
| (3) ਚੂਹੇ ਦੌੜ | – ਕੇਵਲ ਧਾਲੀਵਾਲ |
| (4) ਕੁਲੱਛਣੇ | – ਹਰਸਰਨ ਸਿੰਘ |

16. ਅਸੰਗਤ ਚੁਣੋ :

| A ਵਾਰਤਕ ਰਚਨਾ | B ਵਾਰਤਕ ਕਾਰ |
|---|---|
| (1) ਆਤਮ ਸੁਧਾਰ | – ਪ੍ਰੋ. ਸਾਹਿਬ ਸਿੰਘ |
| (2) ਬਹੁ ਵਿਸਥਾਰ | – ਕਪੂਰ ਸਿੰਘ |
| (3) ਦਿਵਸ ਰੈਣ | – ਡਾ. ਜੀਤ ਸਿੰਘ ਸੀਤਲ |
| (4) ਕਲਮ ਦੇ ਧਨੀ | – ਪਿਆਰਾ ਸਿੰਘ ਪਦਮ |

17. ਅਸੰਗਤ ਚੁਣੋ :

| A ਸਫ਼ਰਨਾਮਾ | B ਸਫ਼ਰਨਾਮਾਕਾਰ |
|---|---|
| (1) ਮੇਰੀ ਰੂਸ ਯਾਤਰਾ | – ਸੋਹਣ ਸਿੰਘ ਜੋਸ਼ |
| (2) ਪੈਰਿਸ ਦੇ ਪੋਰਟਰੇਟ | – ਤਾਰਾ ਸਿੰਘ |
| (3) ਇੰਗਲੈਂਡ ਦੀ ਯਾਦ | – ਸ.ਸ. ਅਮੋਲ |
| (4) ਦੋਸਤੀ ਦੇ ਪੰਥ | – ਨਵਤੇਜ ਸਿੰਘ |

18. ਸਵੈ-ਜੀਵਨੀ ਵਿੱਚ ਇਕ ਕਮਜ਼ੋਰੀ ਇਹ ਵੀ ਦੇਖੀ ਜਾਂਦੀ ਹੈ ਕਿ ਇਸ ਵਿੱਚ ਸਵੈ-ਜੀਵਨੀ ਲੇਖਕ ਆਪਣੇ ਜੀਵਨ ਨੂੰ ਜਿਵੇਂ ਉਸਨੇ ਜੀਵਿਆ ਹੁੰਦਾ ਹੈ, ਦੀ ਥਾਂ ਇਸ ਤਰ੍ਹਾਂ ਪੇਸ਼ ਕਰ ਜਾਂਦਾ ਹੈ, ਜਿਵੇਂ ਉਹ ਜਿ ਜੀਵਨ ਨੂੰ ਜੀਉਣ ਚਾਹੁੰਦਾ ਸੀ । ਕਿਹੜਾ ਵਿਦਵਾਨ ਇਸ ਨੂੰ ਸਵੈਜੀਵਨੀਕਾਰ ਦਾ ਮੌਲਿਕ ਪਾਪ ਮਿੱਥਦਾ ਹੈ

(1) ਜਾਨਸਨ (2) ਰੂਸੋ
(3) ਆਂਦਰੇ ਮੋਰਿਸ (4) ਹਰਬਰਟ ਸਪੈਂਸਰ

19. ਵਿਸ਼ਰਾਮ ਚਿੰਨ੍ਹ ਲੱਗਣ ਨਾਲ ਤੁੱਕ ਦੇ ਜੋ ਅੰਸ਼ ਨਿਰਮਿਤ ਹੁੰਦੇ ਹਨ, ਉਨ੍ਹਾਂ ਨੂੰ ਛੰਦਾਬੰਦੀ ਵਿੱਚ ਕਿਹਾਜਾਂਦਾ ਹੈ

(1) ਵਿਸਰਾਮ (2) ਤੁਕਾਂਤ
(3) ਗਣ (4) ਤੁਕਾਂਗ

20. ਕਿਹੜੇ ਛੰਦ ਵਿੱਚ ਚਾਰੇਂ ਤੁਕਾਂ ਦਾ ਤੁਕਾਂਤ-ਮੇਲ ਸਮਾਨ ਰੂਪ ਵਿੱਚ ਹੁੰਦਾ ਹੈ

(1) ਦੋਹਰਾ (2) ਦਵਈਆ
(3) ਕਬਿੱਤ (4) ਕੋਰੜਾ

21. ਹੇਠ ਲਿਖੇ ਵਿਚੋਂ ਕਿਹੜਾ ਤੱਤ ਰੂਪਕ ਅਲੰਕਾਰ ਲੋਪ, ਪਰੰਤੂ ਉਪਮਾ ਅਲੰਕਾਰ ਵਿੱਚ ਮੌਜੂਦ ਰਹਿੰਦਾ ਹੈ

(1) ਉਪਮੇਯ (2) ਉਪਮਾਨ
(3) ਸਾਂਝਾ ਗੁਣ (4) ਵਾਚਕ ਸ਼ਬਦ

22. ਡਾ. ਸਤਿੰਦਰ ਸਿੰਘ ਨਿਬੰਧਾਂ ਦਾ ਵਰਗੀਕਰਨ ਕਰਨ ਲਈ ਕਿੰਨੇ ਠੋਸ ਆਧਾਰ ਕਲਪਦਾ ਹੈ

(1) ਦੋ (2) ਚਾਰ
(3) ਅੱਠ (4) ਦੱਸ

23. ਭਾਸ਼ਾ ਦਾ ਮੂਲ ਪ੍ਰੇਰਣਾ-ਸ੍ਰੋਤ ਹੈ

(1) ਬੁੱਧੀ (2) ਮਨ
(3) ਲਹਿਜਾ (4) ਅੰਤਹਕਰਨ

24. "ਗੁਰਮੁਖੀ ਇਕ ਸੁਤੰਤਰ ਲਿਪੀ ਹੈ । ਇਸਦੇ ਲਿਪਾਂਕ ਅੱਖਰ ਤੇ ਧੁਨੀਮ ਦੇ ਪ੍ਰਤੀਕ ਹਨ । ਸੰਸਾਰ ਦੀਆਂ ਵਿਕਸਿਤ ਲਿਪੀਆਂ ਵਿਚੋਂ ਇਹ ਇੱਕ ਪ੍ਰਮੁੱਖ ਵਿਕਸਤ ਲਿਪੀ ਮੰਨੀ ਗਈ ਹੈ ।" ਕਥਨ ਦੇ ਕਰਤਾ ਹਨ

(1) ਡਾ. ਹਰਕੀਰਤ ਸਿੰਘ
(2) ਵੇਦ ਅਗਨੀਹੋਤਰੀ
(3) ਡਾ. ਪ੍ਰੇਮਪ੍ਰਕਾਸ਼ ਸਿੰਘ
(4) ਡਾ. ਜੀ.ਬੀ. ਸਿੰਘ

25. ਗੁਰਮੁਖੀ ਲਿਪੀ ਦੇ ਕਿੰਨੇ ਲਿਪਾਂਕ ਬ੍ਰਹਮੀ ਲਿਪੀ ਨਾਲ ਸਮਾਨਤਾ ਰੱਖਦੇ ਹਨ

(1) ਅੱਠ (2) ਬਾਰ੍ਹਾਂ
(3) ਪੰਦਰਾਂ (4) ਸੋਲ੍ਹਾਂ

26. ਯੁਕਤ ਲਿਪਾਂਕ ਹਨ

(1) ਵਿਅੰਜਨ ਲਿਪਾਂਕ (2) ਪੈਰ-ਬਿੰਦੀ ਲਿਪਾਂਕ
(3) ਸਵਰ-ਵਾਹਕ (4) ਗੁੜ੍ਹ ਲਿਪਾਂਕ

27. ਗੁਰਮੁਖੀ ਦੇ ਲਿਪਾਂਕਾਂ ਦੀ ਮੌਜੂਦਾ ਗਿਣਤੀ '4' ਹੈ । ਇਨ੍ਹਾਂ ਦੇ ਕਾਰਜ ਦੀ ਦ੍ਰਿਸ਼ਟੀ ਤੋਂ ਕਿੰਨੇ ਪ੍ਰਕਾਰ ਹਨ

(1) ਦੋ (2) ਚਾਰ
(3) ਅੱਠ (4) ਬਾਰ੍ਹਾਂ

28. ਪੰਜਾਬੀ ਵਿੱਚ ਸ਼ਬਦ-ਰੂਪ ਦਾ ਇੱਕ ਅਨਿੱਖੜ ਮਹੱਤਵਪੂਰਨ ਅੰਗ ਹੈ

(1) ਬਲ (2) ਸੰਗਮ
(3) ਦੁਤ (4) ਸੁਰ

29. ਭਾਸ਼ਾ ਵਿੱਚ ਧੁਨੀ-ਪਰਿਵਰਤਨ ਦਾ ਪ੍ਰਮੁੱਖ ਸੋਮਾ ਕਿਹੜਾ ਹੈ, ਜੋ ਵਾਰ-ਵਾਰ ਵਾਪਰਦਾ ਰਹਿੰਦਾ ਹੈ

(1) ਧੁਨੀਮ (2) ਸਮੀਕਰਨ

(3) ਸਵਰਾਗਮ (4) ਅਧਿਆਗਮ

30. ਅਸੰਗਤ ਚੁਣੋ :

| | A ਸ਼ਬਦ | B ਅਰਥ |
|---|---|---|
| (1) | ਤਗਾਦੜਾ | – ਤਗਾਦਾ |
| (2) | ਸਤਰਖ਼ਾਨਾ | – ਹਰਮ |
| (3) | ਕੀਰ | – ਕਾਮਾ |
| (4) | ਜ਼ਹੀਰ | – ਕਮਜ਼ੋਰ |

31. ਲਖ ਚਉਰਾਸੀਹ ਜੂਨਿ ਵਿਚਿ,
ਉਤਮੁ ਜੂਨਿ ਸੁ ਮਾਨਸ ਦੇਹੀ ।
ਉਪਰੋਕਤ ਤੁਕਾਂ ਭਾਈ ਗੁਰਦਾਸ ਦੀ ਕਿਹੜੀ ਵਾਰ ਦੀਆਂ ਹਨ

(1) 14ਵੀਂ (2) 15ਵੀਂ

(3) 16ਵੀਂ (4) 17ਵੀਂ

32. ਫਰੀਦ ਬਾਣੀ ਦੇ ਕਰਤ੍ਰਿਤ੍ਵ (ਕਰਤਾ) ਸੰਬੰਧੀ ਸ਼ੰਕਿਆਂ ਦਾ ਆਰੰਭ ਕਿਹੜੀ ਪੁਸਤਕ ਦੀ ਪ੍ਰਕਾਸ਼ਨਾ ਨਾਲ ਹੁੰਦਾ ਹੈ

(1) ਦਿ ਸਿੱਖ ਰਿਲਿਜਨ

(2) ਮੀਅਰੁਲ ਔਲੀਆ

(3) ਪੰਜਾਬੀ ਸੂਫੀ ਪੋਇਟਸ

(4) ਪੁਰਾਤਨ ਜਨਮਸਾਖੀ ਵਿੱਚ ਆਏ ਹਵਾਲੇ

33. ਬੁਲ੍ਹੇਸ਼ਾਹ ਦੀਆਂ ਕਾਫ਼ੀਆਂ ਸੰਬੰਧੀ ਸਭ ਤੋਂ ਵਿਵਸਥਿਤ ਸੰਕਲਨ 1964 ਈ. ਵਿੱਚ 'ਕੁਲੀਆਤ-ਏ-ਬੁਲ੍ਹੇਸ਼ਾਹ' ਨਾਂ ਅਧੀਨ ਪ੍ਰਕਾਸ਼ਿਤ ਹੋਇਆ । ਇਸਦੇ ਸੰਪਾਦਕ ਹਨ

(1) ਮੌਲਵੀ ਅਨਵਰ ਅਲੀ

(2) ਫ਼ਕੀਰ ਮੁਹੰਮਦ ਫ਼ਕੀਰ

(3) ਮੋਹਨ ਸਿੰਘ ਦੀਵਾਨਾ

(4) ਸ਼ਮਸ਼ੇਰ ਸਿੰਘ ਅਸ਼ੋਕ

34. ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿੱਚ ਵਰਤੇ ਸ਼ਬਦ 'ਵਤ', 'ਬਿਆ', 'ਕੀਤਮ', 'ਵਿਹੂਣਾ' ਆਦਿ ਕਿਸ ਉਪਭਾਸ਼ਾ ਦੇ ਹਨ

(1) ਮਾਝੀ (2) ਪੁਆਧੀ

(3) ਸਿੰਧੀ (4) ਲਹਿੰਦੀ

35. 'ਦੀਵਾਨੇ ਬਾਹੂ' ਦੀ ਮੂਲ ਭਾਸ਼ਾ ਹੈ

(1) ਅਰਬੀ (2) ਫ਼ਾਰਸੀ

(3) ਪੰਜਾਬੀ (4) ਉਰਦੂ

36. ਸੁਲਤਾਨ ਬਾਹੂ ਦੇ ਕਲਾਮ ਦਾ ਮੂਲਾਧਾਰ ਅਤੇ ਰੱਹਸ-ਅਨੁਭਵ ਦਾ ਪ੍ਰੇਰਕ-ਸੋਮਾ ਹੈ

(1) ਇਸ਼ਕ (2) ਵਜਦ

(3) ਵਸਲ (4) ਸ਼ਰ੍ਹਾ

37. 'ਊਚੇ ਮਹਲ ਉਸਾਰਿ ਵਿਛਾਇ ਵਿਛਾਵਣੇ ।
ਵਡੇ ਦੁਨੀਆਦਾਰ ਨਾਉ ਗਣਾਵਣੇ ।'
ਉਪਰੋਕਤ ਤਕਾਂ ਦਾ ਰਚਨਾਕਾਰ ਹੈ

(1) ਬਾਬਾ ਫ਼ਰੀਦ

(2) ਮੀਆਂ ਵਜੀਦ

(3) ਗੁਰੂ ਅਰਜਨ ਦੇਵ

(4) ਭਾਈ ਗੁਰਦਾਸ

38. 'ਵਾਰ ਨਾਦਰਸ਼ਾਹ' ਵਿੱਚ ਆਏ ਵਰਣਨ ਮੁਤਾਬਿਕ 'ਕਾਤਲ ਕੁਲੀ' ਅਤੇ 'ਸ਼ਾਹ ਤਵਾਚਾ' ਨੂੰ ਚੁਗੱਤਿਆਂ ਦਾ ਕਿਹੜਾ ਯੋਧਾ ਮਾਰਦਾ ਹੈ

(1) ਮੁਜ਼ੱਫ਼ਰ

(2) ਆਕਲ

(3) ਮਿਰਜ਼ਾ ਨੂਰ ਬੇਗ

(4) ਬਦਰ ਬੇਗ਼ ਮਰਵਾਨੀ

39. 'ਸੱਸੀ-ਹਾਸ਼ਮ' ਕਿੱਸੇ ਵਿੱਚ ਪੇਸ਼ ਵੇਰਵੇ ਮੁਤਾਬਿਕ ਸੱਸੀ ਦੁਆਰਾ ਕੈਦ ਬਲੋਚਾਂ ਨੂੰ ਛੁਡਾਉਣ ਲਈ ਕਿਹੜਾ ਬਲੋਚ ਸਰਦਾਰ 'ਪੁੰਨੂੰ' ਨੂੰ ਲੈਣ ਲਈ ਕੇਚਮਾ ਸ਼ਹਿਰ ਜਾਂਦਾ ਹੈ

(1) ਬਬੀਹਾ (2) ਬੱਬਣ

(3) ਅਲੀ (4) ਗਨੀਆ

40. ਸੰਨ 1983 ਈ. ਵਿੱਚ ਡਾ. ਜਗਤਾਰ ਸਿੰਘ ਦੁਆਰਾ ਸੰਪਾਦਿਤ ਕਿੱਸਾ 'ਹੀਰ-ਦਮੋਦਰ' ਦਾ ਪਾਠ ਕਿਥੋਂ ਮਿਲੇ ਨੁਸਖੇ ਉੱਪਰ ਅਧਾਰਿਤ ਹੈ

(1) ਲਾਹੌਰ (2) ਝੰਗ

(3) ਮੁਲਤਾਨ (4) ਪਿਸ਼ਾਵਰ

41. ਹੇਠ ਲਿਖੇ ਵਿਚੋਂ ਕਿਹੜਾ ਵਿਦਵਾਨ ਪੀਲੂ ਨੂੰ ਪਿੰਡ 'ਠੱਟੀ-ਬਲੋਚ' ਦਾ ਵਸਨੀਕ ਦੱਸਦਾ ਹੈ

(1) ਮੌਲਾ ਬਖ਼ਸ਼ ਕੁਸ਼ਤਾ

(2) ਡਾ. ਮੋਹਨ ਸਿੰਘ ਦੀਵਾਨਾ

(3) ਅਬਦੁਲ ਗ਼ਫ਼ੂਰ ਕੁਰੈਸ਼ੀ

(4) ਡਾ. ਫ਼ਕੀਰ ਮੁਹੰਮਦ ਫ਼ਕੀਰ

42. ਹਾਫ਼ਿਜ਼ ਬਰਖ਼ੁਰਦਾਰ ਰਚਿਤ ਕਿੱਸਾ 'ਸੱਸੀ ਪੁੰਨੂੰ' ਵਿੱਚ ਵਰਤੌਂ ਹੈ

(1) ਦੋਹਰਾ (2) ਦਵਈਆ

(3) ਸਦ (4) ਬੈਂਤ

43. ਕਿਹੜੀ ਵਾਰ ਵਿਅਕਤੀ ਨਾਇਕ ਦੀ ਥਾਂ ਰਾਸ਼ਟਰ-ਨਾਇਕ ਦੇ ਚਰਿੱਤਰ ਦੀ ਧਾਰਨੀ ਹੈ
(1) ਚੰਡੀ ਦੀ ਵਾਰ
(2) ਵਾਰ ਨਾਦਰਸ਼ਾਹ
(3) ਚੱਠਿਆਂ ਦੀ ਵਾਰ
(4) ਕਾਨ੍ਹ ਭਗਵਾਨ ਦੀ ਵਾਰ

44. ਸ਼ਾਹ ਮੁਹੰਮਦ ਰਚਿਤ 'ਕਿੱਸਾ ਸੱਸੀ ਪੁੰਨੂੰ' ਦੇ ਸੀਹਰਫੀ ਵਿੱਚ ਲਿਖੇ ਦੋ ਬੰਦ ਕਿਹੜੀ ਪੁਸਤਕ ਵਿੱਚ ਦਰਜ ਹੈ
(1) ਪੰਜਾਬ ਦੇ ਹੀਰੇ
(2) ਪੰਜਾਬੀ ਸ਼ਾਇਰਾਂ ਦਾ ਤਜ਼ਕਰਾ
(3) ਪ੍ਰਾਚੀਨ ਕਿੱਸੇ, ਵਾਰਾਂ ਤੇ ਜੰਗਨਾਮੇ
(4) ਪੰਜਾਬ ਦੀਆਂ ਵਾਰਾਂ

45. ਪ੍ਰੋ. ਸੀਤਾ ਰਾਮ ਕੋਹਲੀ ਸ਼ਾਹ ਮੁਹੰਮਦ ਰਚਿਤ ਜੰਗ ਸਿੰਘਾਂ ਤੇ ਅੰਗਰੇਜ਼ਾਂ ਦਾ ਰਚਨਾ-ਕਾਲ ਮੰਨਦੇ ਹਨ
(1) 1844 (2) 1845
(3) 1846 (4) 1847

46. ਡਾ. ਜੀਤ ਸਿੰਘ ਸੀਤਲ ਵਾਰਿਸਸ਼ਾਹ ਦਾ ਜੀਵਨ-ਕਾਲ ਮੰਨਦੇ ਹਨ
(1) 1735-1784 ਈ. (2) 1722-1785 ਈ.
(3) 1722-1798 ਈ. (4) 1720-1795 ਈ.

47. ਕਿੱਸਾ 'ਯੂਸਫ਼ ਜ਼ੁਲੈਖਾਂ' (ਹਾਫ਼ਿਜ਼ ਬਰਖ਼ੁਰਦਾਰ) ਦਾ ਨਾਇਕ 'ਯੂਸਫ਼' ਕਿੱਥੋਂ ਦਾ ਰਹਿਣ ਵਾਲਾ ਸੀ
(1) ਮਿਸਰ (2) ਇਸਤੰਬੋਲ
(3) ਕੇਚਮ (4) ਕਨਿਆਨ

48. ਖੇਤਰੀ ਉਪਭਾਸਾਵਾਂ ਦੀ ਪਛਾਣ ਸਥਾਪਿਤ ਕਰਨ ਲਈ ਕਿਹੜਾ ਮਾਡਲ ਸਵੀਕਾਰ ਕੀਤਾ ਜਾਂਦਾ ਹੈ
(1) ਭੂਗੋਲਿਕ ਵੰਡ (2) ਸਮਾਜ ਵੰਡ
(3) ਬੰਸ ਬਿਰਛ (4) ਖੇਤਰ ਪ੍ਰਣਾਲੀ

49. ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਆਸਾ ਰਾਗ ਵਿੱਚ 'ਬਿਰਹੜੇ' ਸਿਰਲੇਖ ਅਧੀਨ ਉਨ੍ਹਾਂ ਦੇ ਕਿੰਨੇ ਸ਼ਬਦ ਹਨ
(1) ਦੋ (2) ਤਿੰਨ
(3) ਚਾਰ (4) ਸੱਤ

50. 'ਫੋਕ ਲੋਰ' ਸ਼ਬਦ ਦੀ ਵਰਤੋਂ ਜੌਹਨ ਵਿਲੀਅਮ ਟੌਰਾਸ ਨੇ ਕਦੋਂ ਤੋਂ ਆਰੰਭ ਕੀਤੀ
(1) 1840 ਈ. (2) 1842 ਈ.
(3) 1844 ਈ. (4) 1846 ਈ.

51. ਹੇਠ ਲਿਖੇ ਵਿੱਚੋਂ ਕਿਹੜਾ ਵਿਦਵਾਨ ਸਭਿਆਚਾਰ ਅਤੇ ਸਭਿਅਤਾ ਨੂੰ ਪਰਿਆਇਵਾਚੀ ਸ਼ਬਦ ਮੰਨਦਾ ਹੈ
(1) ਟਾਇਲਰ (2) ਮੈਕਾਈਵਰ
(3) ਮੈਲਨੋਵਸਕੀ (4) ਮਾਮਿਊਰ

52. ਡਾ. ਮੋਹਿੰਦਰ ਸਿੰਘ ਬੇਦੀ ਲੋਕਧਾਰਾ ਦੇ ਤਿੰਨ ਤੱਤ ਮੰਨਦੇ ਹਨ, ਜਦੋਂ ਕਿ ਡਾ. ਕਰਨੈਲ ਸਿੰਘ ਥਿੰਦ ਚਾਰ ਤੱਤਾਂ ਦੀ ਨਿਸ਼ਾਨਦੇਹੀ ਕਰਦੇ ਹਨ । ਡਾ. ਕਰਨੈਲ ਸਿੰਘ ਥਿੰਦ, ਲੋਕਧਾਰਾ ਦਾ ਚੌਥਾ ਤੱਤ ਕਿਸ ਨੂੰ ਮੰਨਦੇ ਹਨ
(1) ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ ਜਾਂ ਲੋਕ-ਸੰਸਕ੍ਰਿਤੀ
(2) ਲੋਕ-ਮਾਨਸ
(3) ਲੋਕ-ਪ੍ਰਵਾਨਗੀ
(4) ਲੋਕ-ਪਰੰਪਰਾ

53. ਬੱਲੇ ਬੱਲੇ, ਬਈ ਕਾਲੀ ਗਾਨੀ ਮਿੱਤਰਾਂ ਦੀ
ਰਾਤੀਂ ਭਿੱਜਗੀ ਨੀਂਦ ਨਾ ਆਈ
ਬਈ ਕਾਲੀ ਗਾਨੀ ਮਿੱਤਰਾਂ ਦੀ ।
ਉਪਰੋਕਤ ਲੋਕ ਕਾਵਿ ਰੂਪ ਵੰਨਗੀ ਹੈ
(1) ਬੋਲੀ (2) ਟੱਪਾ
(3) ਢੋਲਾ (4) ਮਾਹੀਆ

54. ਪੰਜਾਬੀ ਵਿੱਚ ਬਹੁਤਾਤ ਸਵਰ-ਸੰਯੋਗ ਕਿਹੜੀ ਤਰਤੀਬ ਵਾਲੇ ਹਨ
(1) ਲਘੂ + ਦੀਰਘ (2) ਦੀਰਘ + ਲਘੂ
(3) ਲਘੂ + ਲਘੂ (4) ਦੀਰਘ + ਦੀਰਘ

55. ਵਿਆਕਰਨ ਦੇ ਪੱਖ ਤੋਂ 'ਮਲਵਈ' ਉਪਭਾਸ਼ਾ ਦਾ ਸਭ ਤੋਂ ਵੱਖਰਾਪਨ, ਇਸਦਾ ਕਿਹੜਾ ਨਿਰਾਲਾਪਨ ਹੈ
(1) ਨਾਂਵ (2) ਪੜਨਾਂਵ
(3) ਵਿਸ਼ੇਸ਼ਣ (4) ਕਿਰਿਆ

56. ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ 'ਗੁਣਵੰਤੀ' ਸਿਰਲੇਖ ਅਧੀਨ ਇਕ ਸ਼ਬਦ ਕਿਹੜੇ ਰਾਗ ਵਿੱਚ ਦਰਜ਼ ਹੈ
(1) ਗਉੜੀ (2) ਮਾਝ
(3) ਸੂਹੀ (4) ਆਸਾ

57. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ 'ਅਸ਼ਟਪਦੀ' ਕਾਵਿ-ਰੂਪ ਵਿੱਚ ਵੱਧ ਤੋਂ ਵੱਧ ਕਿੰਨੇ ਪਦੇ ਰਚੇ ਹੋਏ ਮਿਲਦੇ ਹਨ
(1) 8 (2) 32
(3) 34 (4) 38

58. 'ਮਾਲਵੇ ਦੇਸ਼ ਦੀ ਰਟਨ ਸਾਖੀ' ਵਿੱਚ ਕਿਸ ਗੁਰੂ ਸਾਹਿਬ ਦੇ ਜੀਵਨ ਚਰਿੱਤਰ ਬਾਰੇ ਸਾਖੀਆਂ ਦਰਜ਼ ਹਨ
(1) ਗੁਰੂ ਨਾਨਕ ਸਾਹਿਬ
(2) ਗੁਰੂ ਅੰਗਦ ਦੇਵ
(3) ਗੁਰੂ ਅਰਜਨ ਦੇਵ ਜੀ
(4) ਗੁਰੂ ਤੇਗ ਬਹਾਦਰ ਜੀ

59. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਕਾਫ਼ੀ' ਕਾਵਿ-ਰੂਪ ਨੂੰ ਕਿਹੜੇ-ਕਿਹੜੇ ਰਾਗਾਂ ਵਿੱਚ ਪੇਸ਼ ਕੀਤਾ ਗਿਆ ਹੈ
(1) ਆਸਾ, ਸੂਹੀ, ਤਿਲੰਗ ਤੇ ਮਾਰੂ
(2) ਆਸਾ, ਸੂਹੀ, ਮਾਰੂ ਤੇ ਬਿਲਾਵਲ
(3) ਆਸਾ, ਸੂਹੀ, ਮਾਰੂ ਤੇ ਤੁਖ਼ਾਰੀ
(4) ਆਸਾ, ਸੂਹੀ, ਮਾਰੂ ਤੇ ਰਾਮਕਲੀ

60. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਮਾਝ ਰਾਗ' ਵਿੱਚ 'ਦਿਨ ਰੈਣਿ' ਸਿਰਲੇਖ ਹੇਠ ਦਰਜ ਬਾਣੀ ਕਿਹੜੇ ਗੁਰੂ ਸਾਹਿਬ ਦੀ ਹੈ
(1) ਪਹਿਲੇ (2) ਤੀਜੇ
(3) ਚੌਥੇ (4) ਪੰਜਵੇਂ

61. ਪ੍ਰਥਮ ਗੁਰਮੁਖੀ ਲਿਪੀ ਵਿੱਚ ਲਿਪੀ ਰਚਨਾ ਹੈ
(1) ਬਾਬਾ ਮੋਹਨ ਦੀਆਂ ਪੋਥੀਆਂ
(2) ਪਦਮਾਵਤ ਦਾ ਪ੍ਰੇਮ ਕਿੱਸਾ
(3) ਜਨਮ ਸਾਖੀਆਂ
(4) ਪੁਸ਼ਯ ਰਚਿਤ ਕਿੱਸਾ ਸੋਹਣੀ ਮਹੀਂਵਾਲ

62. 'ਅਰਦਾਸ' ਸ਼ਬਦ ਦੀ ਉੱਤਪਤੀ ਕਿਸ ਫ਼ਾਰਸੀ ਸ਼ਬਦ ਤੋਂ ਹੋਈ ਹੈ
(1) ਅਰਜ਼ਾਸਤ (2) ਅਰਦਸਤ
(3) ਅਰਜ਼-ਦਾਸਤ (4) ਅਰਜ਼ੋਚੀ

63. ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਅੰਜੁਲੀ' ਸਿਰਲੇਖ ਅਧੀਨ ਰਾਗ ਮਾਰੂ ਵਿੱਚ ਬਾਣੀ ਰਚੀ ਹੈ । 'ਅੰਜੁਲੀ' ਤੋਂ ਭਾਵ ਹੈ
(1) ਪਾਠ-ਪਠਣ (2) ਬੈਠਣ ਦੀ ਕਿਰਿਆ
(3) ਨਤਮਸਤਕ ਹੋਣਾ (4) ਜੁੜੇ ਹੋਏ ਹੱਥ

64. 'ਅਨੰਦ ਸਾਹਿਬ' ਦੀਆਂ ਕਿੰਨੀਆਂ ਪਉੜੀਆਂ ਦੀ ਬਣਤਰ ਛੇ-ਛੇ ਤੁਕਾਂ ਵਾਲੀ ਹੈ
(1) 5 (2) 7
(3) 9 (4) 11

65. ਗੁਰੂ ਰਾਮਦਾਸ ਜੀ ਦੁਆਰਾ 'ਵਡਹੰਸ' ਰਾਗ ਵਿੱਚ 'ਘੋੜੀਆਂ' ਉਪ-ਸਿਰਲੇਖ ਹੇਠ ਦਰਜ ਦੁਪਦਿਆਂ ਦੀ ਕਾਵਿ-ਵੰਨਗੀ ਹੈ
(1) ਛੰਤ (2) ਪਹਿਰੇ
(3) ਕਰਹਲੇ (4) ਅਸ਼ਟਪਦੀ

66. ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਬਾਵਨ ਅੱਖਰੀ' ਵਿੱਚ ਕਿਹੜੇ ਅੱਖਰ ਬਾਰੇ ਦੋ ਪਉੜੀਆਂ ਦਰਜ਼ ਹਨ
(1) ੳ (2) ਅ
(3) ਮ (4) ੜ

67. ਕਿਹੜੇ ਗੁਰੂ ਸਾਹਿਬ ਆਪਣੀ ਬਾਣੀ ਵਿੱਚ ਸਭ ਤੋਂ ਪਹਿਲਾਂ 'ਬਾਣੀ ਗੁਰੂ' ਦਾ ਉਪਦੇਸ਼ ਦਿੰਦੇ ਹਨ
(1) ਸ੍ਰੀ ਗੁਰੂ ਅੰਗਦ ਦੇਵ
(2) ਸ੍ਰੀ ਗੁਰੂ ਰਾਮਦਾਸ
(3) ਸ੍ਰੀ ਗੁਰੂ ਅਰਜਨ ਦੇਵ
(4) ਸ੍ਰੀ ਗੁਰੂ ਗੋਬਿੰਦ ਸਿੰਘ

68. 'ਤਾਸ਼ ਦੀ ਬਾਜੀ' ਨਾਟ ਰਚਨਾ ਦੀ ਮੂਲ ਸੁਰ ਹੈ
(1) ਆਤਮ-ਅਤਿਮਾਨ (2) ਆਤਮ-ਚਿੰਤਨ
(3) ਆਤਮ-ਪ੍ਰੇਰਨਾ (4) ਆਤਮ-ਗਿਲਾਨੀ

69. "ਇਕੱਲੇ ਦੀ ਆਵਾਜ਼ ਭਾਵੇਂ ਦਿੱਤੀ ਉੱਚੀ ਹੋਵੇ, ਸੁਣੀ ਨਹੀਂ ਜਾਂਦੀ । ਲੋੜਵੰਦ ਇਕੱਠੇ ਹੋ ਨਹੀਂ ਸਕਦੇ । ਜੇ ਹੋ ਜਾਣ ਤਾਂ ਰਹਿਣ ਨਹੀਂ ਦਿੰਦੇ ।" ਉਪਰੋਕਤ ਸਰਤਾਂ ਕਿਸ ਕਹਾਣੀ ਵਿੱਚੋਂ ਹਨ
(1) ਚੌਥੀ ਕੂਟ (2) ਬੰਗਲਾ
(3) ਇੰਦੂ ਸੋਚ ਰਹੀ ਸੀ (4) ਕੁਲਫ਼ੀ

70. ਜੋ ਸਮਝੇ ਮਹਿਰਮ ਦਿਲ ਦੇ ਸਨ
ਹੁਣ ਜਦੋਂ ਕਦੀ ਵੀ ਮਿਲਦੇ ਹਨ
ਤਲਵਾਰ ਨਾਲ ਸੰਗੀਨ ਨਾਲ
ਜਾਂ ਕਲਮ ਦੀ ਨੋਕ ਮਹੀਨ ਨਾਲ ।
ਉਪਰੋਕਤ ਸਰਤਾਂ ਕਿਸ ਕਵਿਤਾ ਦੀਆਂ ਹਨ
(1) ਚੁਰੱਸਤਾ (2) ਲੀਕ
(3) ਰਾਤ ਮੇਰੀ ਜਾਗਦੀ (4) ਯਾਦ

71. "ਮੈਂ ਮੁਰਗਾਈ ਮਾਨਸਰਾਂ ਦੀ
ਜੋ ਫੜ ਲਈ ਕਿਸੇ ਸ਼ਿਕਰੇ
ਜਾਂ ਕੋਈ ਲਾਲ੍ਹੀ ਪੈਰ ਸੰਧੂਰੀ
ਲੋਚ ਲਏ ਜਿਦ੍ਹੇ ਕਾਗਾਂ ।"
ਉਪਰੋਕਤ ਸਤਰਾਂ ਵਿੱਚ ਕਿਹੜਾ ਅਲੰਕਾਰ ਵਰਤਿਆ ਗਿਆ ਹੈ
(1) ਰੂਪਕ (2) ਉਪਮਾ
(3) ਦ੍ਰਿਸ਼ਟਾਂਤ (4) ਅਤਿਕਥਨੀ

72. ਪਰੀਏ ਨੀ ਪਰੀਏ
ਉਮਰਾਂ ਦੇ ਪੁਲਾਂ ਹੇਠੋਂ ਲੰਘ ਗਿਆ ਪਾਣੀ
ਰੇਤੜ ਵਿੱਚ ਕਿੰਜ਼ ਤਰੀਏ ?
ਉਪਰੋਕਤ ਕਵਿਤਾ ਦਾ ਕਾਵਿ-ਰੂਪਾਕਾਰ ਹੈ
(1) ਰੁਬਾਈ (2) ਨਜ਼ਮ
(3) ਗ਼ਜ਼ਲ (4) ਗੀਤ

73. "ਹਿਕੋ ਦਿਹਾੜਾ ਯਾਰ, ਉਮਰ ਗੰਢ ਖੁਲ੍ਹ ਚਲੀ ਵੇ,
ਹਿਕੋ ਰਾਤੜੀ ਪਿਆਰ, ਕਥੂਰੀ ਹੁਲ ਚਲੀ ਵੇ ।"
ਉਪਰੋਕਤ ਸਤਰਾਂ ਵਿੱਚ ਆਇਆ ਸ਼ਬਦ 'ਹਿਕੋ' ਕਿਹੜੀ ਉਪਬੋਲੀ ਨਾਲ ਸੰਬੰਧਿਤ ਹੈ

(1) ਮਾਝੀ (2) ਮਲਵਈ
(3) ਦੁਆਬੀ (4) ਪੋਠੋਹਾਰੀ

74. ਕਾਵਿਦੂਤ (ਕਵਿਤਾ) ਦੇ ਰਚਨਾਕਾਰ ਹਨ

(1) ਪ੍ਰੋ. ਮੋਹਨ ਸਿੰਘ
(2) ਪ੍ਰੀਤਮ ਸਿੰਘ ਸਫ਼ੀਰ
(3) ਸੰਤ ਸਿੰਘ ਸੇਖੋਂ
(4) ਦੇਵਿੰਦਰ ਸਤਿਆਰਥੀ

75. "ਤੁਸੀਂ ਚੰਗਾ ਹੱਥ ਖੇਡਿਆ ਏ ਮੇਰੇ ਨਾਲ । ਇਕ ਖਾਸਾ ਖੇਲ ਰਚਾ ਦਿੱਤਾ ਏ ਤੇ ਮੇਰਾ ਚੰਗੀ ਤਰ੍ਹਾਂ ਮੌਜੂ ਬਣਾਇਆ ਏ ।"
ਉਪਰੋਕਤ ਵਾਰਤਾਲਾਪ ਕਿਸ ਇਕਾਂਗੀ ਵਿਚੋਂ ਲਿਆ ਗਿਆ ਹੈ

(1) ਬੇਈਮਾਨ
(2) ਨਿਸ਼ਾਤ ਬਾਗ ਵਿੱਚ
(3) ਤਾਸ਼ ਦੀ ਬਾਜ਼ੀ
(4) ਮਨ ਦੀਆਂ ਮਨ ਵਿੱਚ

76. 'ਜ਼ਿੰਦਗੀ ਮੋੜੀ ਜਾ ਸਕਦੀ ਹੈ, ਮੌਤ ਨਹੀਂ' ਕਹਾਣੀ ਦੀ ਪਾਤਰ ਚੇਤਨਾ ਗਾਉਣ ਦੇ ਨਾਲ-ਨਾਲ ਕਿਹੜੇ ਸਾਜ ਦੀ ਵਰਤੋਂ ਕਰਦੀ ਸੀ

(1) ਸਾਰੰਗੀ (2) ਬੰਸਰੀ
(3) ਤੰਬੂਰਾ (4) ਇੱਕਤਾਰਾ

77. 'ਪਵਿੱਤਰ ਮਾਸੀ' ਨਾਵਲ ਦਾ ਪ੍ਰਕਾਸ਼ਨ ਹੋਇਆ

(1) 1941 ਈ. (2) 1942 ਈ.
(3) 1943 ਈ. (4) 1944 ਈ.

78. ਪ੍ਰਸਿੱਧ ਪੰਜਾਬੀ ਆਲੋਚਕ ਸੰਤ ਸਿੰਘ ਸੇਖੋਂ ਕਿਸ ਮਧਕਾਲੀ ਕਵੀ ਨੂੰ ਇਨਕਲਾਬੀ ਦੀ ਥਾਂ 'ਰੁਮਾਂਟਿਕ ਸੁਧਾਰਕ' ਕਹਿੰਦਾ ਹੈ

(1) ਦਮੋਦਰ (2) ਵਾਰਿਸ
(3) ਸ਼ਾਹ ਹੁਸੈਨ (4) ਬੁੱਲ੍ਹੇਸ਼ਾਹ

79. ਰੂਪਵਾਦੀ ਚਿੰਤਕ ਬੋਰਿਸ ਤੋਮਾਸ਼ੇਵਸਕੀ (Boris Tomashevski) ਅਨੁਸਾਰ ਕਿਸੇ ਘਟਨਾ ਦਾ ਸਿੱਧ-ਪੱਧਰਾ ਬਿਆਨ ਹੈ

(1) ਫੇਬੁਲਾ (2) ਸੁਜੇਤ
(3) ਰੂਪਵਾਦ (4) ਥੀਮ

80. ਕਿਹੜਾ ਚਿੰਤਕ ਸਾਹਿਤਕਾਰ ਦੁਆਰਾ ਪ੍ਰਸੰਗ ਵਿਹੂਣੇ ਭਾਵਾਂ ਦੀ ਪੇਸ਼ਕਾਰੀ ਨੂੰ 'ਬਾਂਦਰੀ ਕਰਤੱਬ' (Antics) ਕਹਿੰਦਾ ਹੈ

(1) ਅਰਸਤੂ (2) ਲੌਂਜਾਈਨਸ
(3) ਰੋਮਨ ਜੈਕਬਸਨ (4) ਰੋਲਾਂ ਬਾਰਤ

81. ਸੌਸਿਊਰ ਅਨੁਸਾਰ ਭਾਸ਼ਾ ਹੈ

(1) ਤੱਤ (2) ਟੋਟਮਵਾਦ
(3) ਸਿਸਟਮ (4) ਫ਼ਾਰਸ

82. ਭਾਸ਼ਾ-ਵਿਗਿਆਨ ਦਾ ਪਹਿਲਾ ਵਿਗਿਆਨਕ ਪੜਾਅ ਸੀ

(1) ਇਤਿਹਾਸਕ ਭਾਸ਼ਾ ਵਿਗਿਆਨ
(2) ਤੁਲਨਾਤਮਕ ਭਾਸ਼ਾ ਵਿਗਿਆਨ
(3) ਵਿਆਕਰਨ
(4) ਫ਼ਿਲਾਲੋਜੀ

83. ਧੁਨੀ-ਉਚਾਰਨ ਵਿੱਚ ਸੁਰਤੰਦਾਂ ਦੇ ਮੁੱਖ ਕਾਰਜ ਹਨ

(1) ਦੋ (2) ਤਿੰਨ
(3) ਚਾਰ (4) ਕੋਈ ਨਹੀਂ

84. ਲਾਂਗ ਅਤੇ ਪੈਰੋਲ ਦਾ ਰਿਸ਼ਤਾ ਹੈ

(1) ਦਵੰਦਾਤਮਕ (2) ਸਮਾਨਅਰਥੀ
(3) ਵਿਰੋਧੀ (4) ਆਪਹੁਦਰਾ

85. ਰਸ-ਸੰਪ੍ਰਦਾਇ ਨਾਲ ਸੰਬੰਧਿਤ 'ਆਰੋਪਵਾਦ' ਮਤ ਦੇ ਪ੍ਰਤਿਪਾਦਕ ਹਨ

(1) ਭੱਟ ਲੋਲਟ (2) ਸ਼ੰਕੁਕ
(3) ਭੱਟ ਨਾਯਕ (4) ਅਭਿਨਵ ਗੁਪਤ

86. ਨੋਮ ਚੌਮਸਕੀ ਨੇ ਕਿੰਨੇ ਮੂਲ ਸੰਕਲਪ ਪੇਸ਼ ਕੀਤੇ

(1) ਦੋ (2) ਤਿੰਨ
(3) ਚਾਰ (4) ਪੰਜ

87. "ਦੁਖਾਂਤ ਕਿਸੇ ਗੰਭੀਰ, ਮੁਕੰਮਲ ਅਤੇ ਨਿਸਚਿਤ ਆਕਾਰ ਵਾਲੇ ਕਾਰਜ ਦੀ ਅਨੁਕ੍ਰਿਤੀ ਦਾ ਨਾਂ ਹੈ, ਜਿਸ ਦਾ ਮਾਧਿਅਮ ਨਾਟਕ ਦੇ ਭਿੰਨ-ਭਿੰਨ ਹਿੱਸਿਆਂ ਵਿੱਚ ਭਿੰਨ-ਭਿੰਨ ਰੂਪਾਂ ਨਾਲ ਵਰਤੀ ਗਈ ਸਭ ਪ੍ਰਕਾਰ ਦੇ ਕਲਾਤਮਕ ਗਹਿਣਿਆਂ ਨਾਲ ਅਲੰਕ੍ਰਿਤ ਭਾਸ਼ਾ ਹੁੰਦੀ ਹੈ ਅਤੇ ਜਿਸ ਵਿਚ ਕਰੁਣਾ ਅਤੇ ਤ੍ਰਾਸ ਰਾਹੀਂ ਇਨ੍ਹਾਂ ਮਨੋਵਿਕਾਰਾਂ ਦਾ ਉਚਿਤ ਵਿਵੇਚਨ ਕੀਤਾ ਜਾਂਦਾ ਹੈ ।"
ਉਪਰੋਕਤ ਪਰਿਭਾਸ਼ਾ ਕਿਸ ਦੀ ਹੈ

(1) ਸੌਸਿਊਰ (2) ਲੌਨਜਾਈਨਸ
(3) ਨੋਮ ਚੌਮਸਕੀ (4) ਅਰਸਤੂ

88. "ਮਾਤ-ਭਾਸ਼ਾ ਅਜਿਹੀਭਾਸ਼ਾ ਹੈ, ਜੋ ਮਨੁੱਖ ਨੂੰ ਮਾਂ ਤੋਂ ਕੁੱਖ ਵਿੱਚ ਅਤੇ ਪਿਓ ਤੋਂ ਗੁੜ੍ਹਤੀ ਵਿੱਚ ਮਿਲਦੀ ਹੈ, ਤੇ ਕੁੱਖ ਤੋਂ ਕਬਰ ਤੱਕ ਇੱਕ ਪਰਛਾਵੇਂ ਵਾਂਗ ਮਨੁੱਖ ਦੇ ਨਾਲ-ਨਾਲ ਰਹਿੰਦੀ ਹੈ ।" ਇਹ ਕਥਨ ਕਿਸ ਵਿਦਵਾਨ ਦਾ ਹੈ

(1) ਡਾ. ਹਰਕੀਰਤ ਸਿੰਘ
(2) ਪ੍ਰਿੰ. ਤੇਜਾ ਸਿੰਘ
(3) ਰਸੂਲ ਹਮਜ਼ਾਤੋਵ
(4) ਡਾ. ਰਾਬਿੰਦਰਨਾਥ ਟੈਗੋਰ

89. ਕਿਹੜੀ ਸਿੱਖਿਆ ਬੜੀ ਮੱਹਤਵਪੂਰਨ ਤੇ ਲਾਭਕਾਰੀ ਹੁੰਦੀ ਹੈ, ਜਿਸਦੀ ਵਕਾਲਤ ਰੂਸੋ ਵੀ ਕਰਦਾ ਹੈ

(1) ਅਕਾਦਮਿਕ (2) ਰਸਮੀ
(3) ਗੈਰ-ਰਸਮੀ (4) ਯੋਜਨਾਬੱਧ

90. ਵਾਰਤਿਕ-ਸਿੱਖਿਆ ਦੇ ਮੁੱਖ ਰੂਪ ਵਿੱਚ ਕਿਹੜਾ ਅੰਗ ਸ਼ਾਮਿਲ ਨਹੀਂ

(1) ਪੜ੍ਹਨਾ (2) ਵਿਆਖਿਆ
(3) ਵਿਚਾਰ-ਵਿਸ਼ੇਲੇਸ਼ਣ (4) ਮੁਲਾਂਕਣ

91. ਗ਼ੈਰ-ਰਸਮੀ ਵਿਆਕਰਨ ਦੀ ਸਿੱਖਿਆ ਕਿਹੜੀ ਵਿਧੀ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ

(1) ਅਵਿਆਕ੍ਰਿਤੀ ਵਿਧੀ
(2) ਸਮਵਾਇ ਵਿਧੀ
(3) ਵਿਸ਼ਲੇਸ਼ਣ ਵਿਧੀ
(4) ਪਾਠ-ਪੁਸਤਕ ਵਿਧੀ

92. ਸਿੱਖਿਆ ਸ਼ਾਸਤਰੀ ਜੈਕਸਨ ਅਨੁਸਾਰ ਅਧਿਆਪਨ ਪ੍ਰਕਿਰਿਆ ਦੌਰਾਨ ਅਧਿਆਪਕ ਕਿੰਨੀਆਂ ਅਵਸਥਾਵਾਂ ਵਿੱਚੋਂ ਗੁਜ਼ਰਦਾ ਹੈ

(1) ਦੋ (2) ਤਿੰਨ
(3) ਚਾਰ (4) ਪੰਜ

93. ਕਾਰ ਰਾਹੀਂ ਸਿੱਖਣ ਦਾ ਮਹਾਨ ਸਿੱਧਾਂਤ ਕਿਸ ਨੇ ਦਿੱਤਾ ਹੈ

(1) ਜਾਹਨ ਡੀਵੀ (2) ਟਿਚਨਰ
(3) ਫਰੋਇਬਲ (4) ਗੈਸਟਾਲਟ

94. 'ਪ੍ਰਤੱਖ ਭਾਸ਼ਾ ਵਿਧੀ' ਕਿਸ ਦੀ ਸਿੱਖਿਆ-ਵਿਧੀ ਵਜੋਂ ਅਪਣਾਈ ਜਾਂਦੀ ਹੈ

(1) ਕਵਿਤਾ (2) ਵਾਰਤਕ
(3) ਗਲਪ (4) ਵਿਆਕਰਨ

95. ਗੱਦ-ਸਿੱਖਿਆ ਵਿੱਚ ਵਿਦਿਆਰਥੀਆਂ ਨੂੰ ਦਿੱਤਾ ਜਾਣ ਵਾਲਾ 'ਘਰ ਦਾ ਕੰਮ' ਕਿਹੜੇ ਤੱਥ ਉੱਪਰ ਅਧਾਰਿਤ ਹੁੰਦਾ ਹੈ

(1) ਗਿਆਨ ਦਾ ਵਾਧਾ
(2) ਸੁਹਜਾਤਮਕਤਾ
(3) ਵਿਅਕਤੀਗਤ ਰੌਚਕਤਾ
(4) ਸਿਖਲਾਈ

96. ਵਾਰਤਕ ਸਿੱਖਿਆ ਨਾਲ ਸੰਬੰਧਿਤ ਕਿਹੜਾ ਤੱਥ ਸਹੀ ਨਹੀਂ ਹੈ

(1) ਗਿਆਨਾਤਮਕ ਪਾਠ
(2) ਅਧਿਆਪਕ ਕਥਨ
(3) ਭਾਵ-ਗ੍ਰਹਿਣਤਾ
(4) ਅਭਿਆਸ ਲਈ ਭਾਸ਼ਾਈ ਕਾਰਜ ਬਹੁਤ ਜ਼ਰੂਰੀ

97. ਤਿੰਨ ਵਾਰ ਆਦਰਸ਼ ਵਾਚਨ ਕਿਹੜੇ ਸਾਹਿਤ-ਰੂਪ ਦੀ ਸਿੱਖਿਆ ਵਿਧੀ ਲਈ ਜ਼ਰੂਰੀ ਹੈ

(1) ਕਵਿਤਾ (2) ਕਹਾਣੀ
(3) ਇਕਾਂਗੀ (4) ਨਾਵਲ

98. "ਕਿਸੇ ਵੀ ਸਿੱਖਿਆ ਪ੍ਰੋਗਰਾਮ ਦਾ ਆਧਾਰ ਚੰਗਾ ਅਧਿਆਪਨ ਹੈ ਅਤੇ ਦੇਖਣ-ਸੁਣਨ ਦੇ ਸਾਧਨ ਇਸ ਆਧਾਰ ਦਾ ਜ਼ਰੂਰੀ ਅੰਗ ਹਨ ।" ਕਿਸ ਦਾ ਕਥਨ ਹੈ

(1) ਪ੍ਰੋ. ਵੈਸਲੇ (2) ਡਬਲਿਊ ਨਾਇਲ
(3) ਐਮ. ਲਿਊਸ (4) ਜੋਸਫ਼ ਜੇ. ਵੈਬਰ

99. "ਸਿੱਖਿਆ ਤੋਂ ਮੇਰਾ ਭਾਵ ਹੈ – ਬੱਚੇ ਜਾਂ ਬਾਲਿਗ ਦੇ ਸਰੀਰ, ਮਨ ਅਤੇ ਆਤਮਾ ਦਾ ਸਮੁੱਚਾ ਤੇ ਸਰਵ-ਸ਼੍ਰੇਸ਼ਟ ਵਿਕਾਸ ।" ਕਿਸ ਨੇ ਕਿਹਾ ਹੈ

(1) ਮਹਾਤਮਾ ਗਾਂਧੀ (2) ਐਨੀ. ਬੇਸੈਂਟ
(3) ਰਾਬਿੰਦਰਨਾਥ ਟੈਗੋਰ (4) ਡਾ. ਜਾਕਿਰ ਹੁਸੈਨ

100. ਲੋਕਧਾਰਾ ਤੇ ਸਭਿਆਚਾਰ ਨੂੰ ਪੜ੍ਹਾਉਣ ਦਾ ਕਿਹੜਾ ਢੰਗ ਢੁਕਵਾਂ ਨਹੀਂ ਹੈ

(1) ਲੋਕਗੀਤਾਂ ਦੁਆਰਾ
(2) ਲੋਕ-ਕਹਾਣੀਆਂ ਰਾਹੀਂ
(3) ਇਤਿਹਾਸਕ ਸਥਾਨਾਂ ਦੀ ਸੈਰ ਦੁਆਰਾ
(4) ਲੋਕਧਾਰਾ ਦੀ ਸਿਰਜਨਾ ਰਾਹੀਂ

101. ਸਿਖਾਂਦਰੂਆਂ ਨੂੰ 'ਪੜ੍ਹਨਾ' ਸਿਖਾਉਣ ਦੀ ਕਿਹੜੀ ਵਿਧੀ ਦੀ ਵਿਆਖਿਆ ਪ੍ਰਸਿੱਧ ਸਿੱਖਿਆ ਸ਼ਾਸਤਰੀ ਰਾਇਬਰਨ 'ਕਹਾਣੀ ਵਿਧੀ' ਦੇ ਰੂਪ ਵਿੱਚ ਕਰਦਾ ਹੈ

(1) ਵਾਕਾਂਸ਼ ਵਿਧੀ
(2) ਸਮਵਾਇ ਵਿਧੀ
(3) ਵਾਕ ਵਿਧੀ
(4) ਕਾਰਜ-ਅਭਿਆਸ ਵਿਧੀ

102. ਆਦਰਸ਼ ਵਾਰਤਾਲਾਪ (ਬੋਲਚਾਲ) ਦਾ ਕਿਹੜਾ ਗੁਣ ਨਹੀਂ ਹੈ

(1) ਸ਼ੁੱਧਤਾ (2) ਸਾਹਿਤਕਤਾ
(3) ਸਪੱਸ਼ਟਤਾ (4) ਸੁਭਾਵਿਕਤਾ

103. ਲਿਖਣਾ ਸਿਖਾਉਣ ਦੀ ਕਿਹੜੀ ਅਵਸਥਾ ਵਿੱਚ 'ਸ਼ਬਦ-ਰਚਨਾ ਅਤੇ ਵਾਕ-ਰਚਨਾ' ਦਾ ਅਭਿਆਸ ਕਰਾਇਆ ਜਾਂਦਾ ਹੈ

(1) ਪਹਿਲੀ ਅਵਸਥਾ (2) ਦੂਜੀ ਅਵਸਥਾ
(3) ਤੀਜੀ ਅਵਸਥਾ (4) ਚੌਥੀ ਅਵਸਥਾ

104. ਪ੍ਰਗਟਾਅ ਦੀ ਪਰਖ ਕਿਹੜੀ ਪ੍ਰੀਖਿਆ ਰਾਹੀਂ ਉੱਚਿਤ ਢੰਗ ਨਾਲ ਹੋ ਸਕਦੀ ਹੈ

(1) ਅਤਿ-ਲਘੂ (2) ਲਘੂ-ਉਤਰਾਤਮਕ
(3) ਨਿਬੰਧਾਤਮਕ (4) ਤਿੰਨੋਂ

105. ਵਿਸਤ੍ਰਿਤ ਦੈਨਿਕ ਪਾਠ ਯੋਜਨਾ ਦੇ ਨਿਰਮਾਣ ਲਈ ਕਿਹੜੀ ਵਿਧੀ ਵਰਤੋਂ ਵਿੱਚ ਨਹੀਂ ਆਉਂਦੀ

(1) ਹਿਊਰਿਸਟਿਕ ਵਿਧੀ
(2) ਹਰਬਰਟ ਵਿਧੀ
(3) ਮੌਰੀਸਨ ਜਾਂ ਇਕਾਈ ਵਿਧੀ
(4) ਬਲੂਮ ਜਾਂ ਮੁਲਾਂਕਣ ਵਿਧੀ

106. "ਪਾਠ-ਯੋਜਨਾ ਅਧਿਆਪਨ ਤੋਂ ਪੂਰਵ ਅਵਸਥਾ ਵਿੱਚ ਕੀਤੇ ਗਏ ਨਿਯੋਜਨ ਦਾ ਸੁਭਾਵਿਕ ਪ੍ਰਤਿਫ਼ਲ ਹੈ।" ਇਹ ਪਰਿਭਾਸ਼ਾ ਕਿਸ ਵਿਦਵਾਨ ਦੀ ਹੈ

(1) ਭਾਟੀਆ ਤੇ ਭਾਟੀਆ
(2) ਬਿਨਿੰਗ ਤੇ ਬਿਨਿੰਗ
(3) ਐਨ.ਐਲ.ਬਾਸਿੰਗ
(4) ਆਈ.ਕੇ.ਡੇਵੀਜ਼

107. ਸਕੂਲ ਦੀ ਵਰਤਮਾਨ ਪੜ੍ਹਾਈ ਵਿਧੀ ਤੇ ਸਿੱਖਿਆ-ਕ੍ਰਮ ਦੇ ਵਿਰੋਧ ਵਜੋਂ ਕਿਹੜੀ ਵਿਧੀ ਹੋਂਦ ਵਿੱਚ ਆਈ

(1) ਸਮਵਾਇ ਵਿਧੀ
(2) ਪ੍ਰਾਜੈਕਟ ਵਿਧੀ
(3) ਪਾਠ-ਪੁਸਤਕ ਵਿਧੀ
(4) ਵਿਆਸ ਵਿਧੀ

108. ਆਗਮਨ ਪ੍ਰਣਾਲੀ ਕਿਹੜੇ ਸਿੱਖਿਆ-ਸੂਤਰ ਉੱਪਰ ਅਧਾਰਿਤ ਨਹੀਂ ਹੈ

(1) ਸਥੂਲ ਤੋਂ ਸੂਖਮ
(2) ਮੂਰਤ ਤੋਂ ਅਮੂਰਤ
(3) ਗਿਆਤ ਤੋਂ ਅਗਿਆਤ
(4) ਸਧਾਰਨ ਤੋਂ ਵਿਸ਼ੇਸ਼

109. ਦ੍ਰਿਸ਼ਟੀ ਅਤੇ ਸ਼੍ਰੋਤ ਸਾਧਨਾਂ ਦਾ ਸੁਮੇਲ ਕਿਸ ਜੰਤਰ ਵਿੱਚ ਹੈ

(1) ਟੇਪ-ਰਿਕਾਰਡਰ (2) ਟੈਲੀਵਿਜਨ
(3) ਲਿੰਗੂਆਫ਼ੋਨ (4) ਗ੍ਰਾਮੋਫ਼ੋਨ

110. ਕਿਹੜੀ ਸਹਾਇਕ-ਸਮੱਗਰੀ ਸਭ ਤੋਂ ਸਸਤੀ ਅਤੇ ਵੱਧ ਵਰਤੋਂ ਵਿੱਚ ਆਉਣ ਵਾਲੀ ਹੈ

(1) ਸੰਕੇਤਕ (2) ਚਾਰਟ
(3) ਬਲੈਕ-ਬੋਰਡ (4) ਮਾਡਲ

111. ਕਿਹੜੇ ਸਿੱਖਿਆ ਸਾਧਨ ਰਾਹੀਂ 'ਕਹੋ ਤੇ ਬੋਲੋ' ਵਿਧੀ ਚੰਗੀ ਤਰ੍ਹਾਂ ਵਰਤੋਂ ਵਿੱਚ ਆ ਸਕਦੀ ਹੈ

(1) ਫਿਲਮਾਂ (2) ਟੇਪ-ਰਿਕਾਰਡਰ
(3) ਟੈਲੀਵਿਜ਼ਨ (4) ਐਸੀਡਾਇਆ ਸਕੋਪ

112. ਪੜ੍ਹਨਾ ਸਿਖਾਉਣ ਲਈ ਕਿਹੜੀ ਵਿਧੀ ਵਰਤੋਂ ਵਿੱਚ ਨਹੀਂ ਆਉਂਦੀ

(1) ਸ਼ਬਦ-ਜੋੜ ਵਿਧੀ (2) ਸ਼ਬਦ ਵਿਧੀ
(3) ਸਵਰ ਵਿਧੀ (4) ਤੁਲਨਾ ਵਿਧੀ

113. ਨਿਰੰਤਰ ਅਤੇ ਵਿਆਪਕ ਮੁਲਾਂਕਮ ਵਿੱਚ ਕਿਹੜੇ ਪ੍ਰਮੁੱਖ ਤੱਤ ਸ਼ਾਮਿਲ ਹਨ

(1) ਨਿਰੰਤਰਤਾ, ਵਿਆਪਕਤਾ, ਆਂਕਲਣ, ਮੁਲਾਂਕਣ
(2) ਵਿਆਪਕਤਾ, ਨਿਰੰਤਰਤਾ, ਪ੍ਰਮਾਣਿਕਤਾ, ਮੁਲਾਂਕਣ
(3) ਨਿਰੰਤਰਤਾ, ਵਿਆਪਕਤਾ, ਪ੍ਰਮਾਣਿਕਤਾ, ਵਿਸ਼ਵਾਸ਼-ਪਰਕਤਾ
(4) ਨਿਰੰਤਰਤਾ, ਵਿਆਪਕਤਾ, ਪ੍ਰਮਾਣਿਕਤਾ, ਆਂਕਲਣ

114. ਚੰਗੀ ਪਾਠ-ਯੋਜਨਾ ਵਿੱਚ ਕਿਹੜਾ ਤੱਥ ਸ਼ਾਮਲ ਨਹੀਂ ਹੁੰਦਾ

(1) ਸਪੱਸ਼ਟ ਉਦੇਸ਼ਾਂ ਦਾ ਵਰਣਨ
(2) ਮੌਖਿਕ ਯੋਜਨਾਬੰਦੀ
(3) ਵਿਅਕਤੀਗਤ ਅੰਤਰਾਂ ਵੱਲ ਧਿਆਨ
(4) ਲਚਕਦਾਰ ਯੋਜਨਾ

115. "ਸਭ ਬੱਚਿਆਂ ਨੂੰ ਸਿੱਖਣ ਲਈ ਪ੍ਰੇਰਿਤ ਕਰਨਾ, ਸਿੱਖਣ ਵਾਸਤੇ ਉਤਸ਼ਾਹਿਤ ਕਰਕੇ ਸਹੀ ਮਾਹੌਲ ਦੇਣਾ ਅਤੇ ਹਰੇਕ ਬੱਚੇ ਦੀ ਸਮਰੱਥਾ, ਉਮਰ ਅਤੇ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ, ਇੱਕ ਨਿਸਚਿਤ ਪੱਧਰ 'ਤੇ ਪਹੁੰਚਾਉਣ ਵਿੱਚ ਸਹਾਇਤਾ ਕਰਨੀ।" ਨਿਰੰਤਰ ਅਤੇ ਵਿਆਪਕ ਮੁਲਾਂਕਣ ਦੇ ਕਿਹੜੇ ਪ੍ਰਮੁੱਖ ਤੱਤ ਵਿੱਚ ਇਸਦੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ

(1) ਵਿਆਪਕਤਾ (2) ਪ੍ਰਮਾਣਿਕਤਾ
(3) ਮੁਲਾਂਕਣ (4) ਆਂਕਲਣ

116. ਸੂਖਮ ਪੜ੍ਹਾਈ ਕਿੰਨੇ ਢੰਗਾ ਨਾਲ ਕੀਤੀ ਜਾਂਦੀ ਹੈ

(1) ਇੱਕ (2) ਦੋ
(3) ਤਿੰਨ (4) ਚਾਰ

117. ਸਥੂਲ ਪੜ੍ਹਾਈ ਲਈ ਸਹਾਇਕ ਹੈ

(1) ਰੀਡਿੰਗ ਰੂਮ (2) ਪੁਸਤਕਾਲਾ
(3) ਅਖਬਾਰਾਂ ਤੇ ਰਸਾਲੇ (4) ਤਿੰਨੋ

118. ਗੁਰਮੁਖੀ ਦੇ ਸੂਰ ਲਿਪਾਂਕ ਦੀਆਂ ਕਿਸਮਾਂ ਹਨ
(1) ਮੁਕਤ ਤੇ ਯੁਕਤ
(2) ਤਾਲਵੀ-ਮੂਰਧਨੀ
(3) ਰੂਪਾਤਮਕ ਤੇ ਵਰਗਾਤਮਕ
(4) ਕੋਈ ਨਹੀਂ

119. ਦੋ-ਸੰਧੀ ਸਵਰਾਂ ਦੀ ਵਿਸ਼ੇਸ਼ਤਾ ਹੈ
(1) ਦੋਵੇਂ ਦੀਰਘ
(2) ਦੋਵੇਂ ਲਘੂ
(3) ਪਹਿਲਾ ਅੰਗ ਲਘੂ ਅਤੇ ਦੂਜਾ ਦੀਰਘ
(4) ਪਹਿਲਾ ਅੰਗ ਦੀਰਘ ਅਤੇ ਦੂਜਾ ਲਘੂ

120. ਕਵਰਗ ਟੋਲੀ ਵਿੱਚ ਅਘੋਸ਼-ਅਲਪਪ੍ਰਾਣ ਧੁਨੀ ਕਿਸ ਲਿਪਾਂਕ ਦੀ ਹੈ
(1) ਕ (2) ਖ
(3) ਗ (4) ਘ

121. ਸ਼ਬਦ-ਜੋੜਾਂ ਵਿੱਚ ਕਿੰਨ੍ਹਾਂ ਅੱਖਰਾਂ ਦੀ ਵਰਤੋਂ ਚੋਖੇ ਵਾਦ-ਵਿਵਾਦ ਦਾ ਬਿੰਦੂ ਹੈ
(1) ਲ, ਕ (2) ਸ, ਹ
(3) ੳ, ਅ (4) ਨ, ਣ

122. ਗੁਰਮੁਖੀ ਲਿਪੀ ਦੇ ਸਵਰੀ ਲਿਪਾਂਕਾਂ ਵਿੱਚੋਂ ਕਿਹੜੇ ਲਿਪਾਂਕ ਨੂੰ ਲਗ ਬਗ਼ੈਰ ਵੀ ਲਿਖਿਆ ਜਾ ਸਕਦਾ ਹੈ
(1) ੳ (2) ਅ
(3) ੲ (4) ਸ

123. ਪੈਰ-ਲਿਪਾਂਕਾਂ ਵਿੱਚੋਂ ਕਿਹੜੇ ਪੈਰ-ਲਿਪਾਂਕ ਦਾ ਲਿਪਾਂਕੀ-ਰੂਪ ਅਖੰਡੀ ਧੁਨੀ ਸੁਰ ਦਾ ਸੂਚਕ ਬਣਦਾ ਹੈ
(1) ਰ (2) ਹ
(3) ਵ (4) ਯ

124. ਗੁਰਮੁਖੀ ਲਿਪੀ ਲਈ 'ਗੁਰਮੁਖੀ' ਪਦ ਦੀ ਸਭ ਤੋਂ ਪਹਿਲਾਂ ਵਰਤੋਂ ਕਿਸ ਗ੍ਰੰਥ ਵਿੱਚ ਹੋਈ ਮਿਲਦੀ ਹੈ
(1) ਆਦਿ ਗ੍ਰੰਥ
(2) ਏਕਾਦਸ਼ੀ ਮਹਾਤਮ
(3) ਪੋਥੀਆਂ ਬਾਬਾ ਮੋਹਨ
(4) ਪੁਰਾਤਨ ਜਨਮ ਸਾਖੀ

125. ਗੁਰਮੁਖੀ ਲਿਪੀ ਲਈ 'ੳ' ਨੂੰ ਪਹਿਲੇ ਅੱਖਰ ਵਜੋਂ ਕਿਹੜੇ ਗੁਰੂ ਸਾਹਿਬਾਨਾਂ ਨੇ ਵਰਤਿਆ
(1) ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ
(2) ਗੁਰੂ ਅੰਗਦ ਦੇਵ ਅਤੇ ਗੁਰੂ ਰਾਮਦਾਸ
(3) ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ
(4) ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ

126. ਪੂਰਬਾ ਪੰਜਾਬੀ ਵਿੱਚ ਸਭ ਤੋਂ ਪੁਰਾਣੀ ਰਚਨਾ ਕਿਸਦੀ ਹੈ
(1) ਸ਼ੇਖ਼ ਫ਼ਰੀਦ (2) ਗੁਰੂ ਨਾਨਕ ਦੇਵ
(3) ਦਮੋਦਰ (4) ਭਾਈ ਗੁਰਦਾਸ

127. ਪੰਜਾਬੀ ਵਿੱਚ ਕਿਹੜੇ ਵਿਅੰਜਨ ਦੁੱਤ-ਰੂਪ ਵਿੱਚ ਆ ਸਕਦੇ ਹਨ
(1) ਹ, ਵ, ਯ ਤੋਂ ਬਿਨਾਂ ਸਾਰੇ
(2) ਰ, ਹ ਤੋਂ ਇਲਾਵਾ ਸਾਰੇ
(3) ਕ, ਖ, ਗ, ਘ ਤੋਂ ਬਿਨਾਂ ਸਾਰੇ
(4) ਣ, ਰ, ਲ, ੜ, ਸ਼ ਤੋਂ ਇਲਾਵਾ ਸਾਰੇ

128. 'ਉਦੇਸ਼' ਹੁੰਦਾ ਹੈ
(1) ਨਾਂਵ, ਪੜਨਾਂਵ (2) ਨਾਂਵ, ਵਿਸ਼ੇਸ਼ਣ
(3) ਨਾਂਵ, ਕਿਰਿਆ (4) ਨਾਂਵ, ਸੰਬੰਧਕ

129. ਜਿਸ ਵਾਕ ਵਿੱਚ ਇੱਕ ਤੋਂ ਵਧੇਰੇ ਉਪਵਾਕ ਆਉਣ, ਇੱਕ ਤੋਂ ਵਧੇਰੇ ਉਦੇਸ਼ ਤੇ ਵਿਧੇ ਹੋਣ, ਅਖਵਾਉਂਦੇ ਹਨ
(1) ਸਧਾਰਨ ਵਾਕ (2) ਗੰਢਵਾਂ ਵਾਕ
(3) ਸੰਜੁਕਤ ਵਾਕ (4) ਅਧੀਨ ਉਪਵਾਕ

130. ਡਾ. ਹਰਕੀਰਤ ਸਿੰਘ ਪੰਜਾਬੀ ਦੀਆਂ ਉਪਭਾਸ਼ਾਵਾਂ ਨੂੰ ਕਿੰਨੇ ਮੁੱਖ ਵਰਗਾਂ ਵਿੱਚ ਵੰਡਦੇ ਹਨ
(1) ਦੋ (2) ਤਿੰਨ
(3) ਚਾਰ (4) ਪੰਜ

131. ਪੰਜਾਬੀ ਦਾ 'ਨੇ' ਸੰਬੰਧਕ ਇਸਦੀ ਉੱਘੀ ਵਿਸ਼ੇਸ਼ਤਾ ਹੈ, ਇਸਦੀ ਵਾਕ ਵਿੱਚ ਪ੍ਰਧਾਨਤਾ ਹੁੰਦੀ ਹੈ
(1) ਕਰਤਾ ਅਤੇ ਕਰਮ ਅਨੁਸਾਰ
(2) ਉਦੇਸ਼ ਅਨੁਸਾਰ
(3) ਕਰਮ ਅਨੁਸਾਰ
(4) ਕਿਰਿਆ ਅਨੁਸਾਰ

132. ਕਿਰਿਆ-ਵਾਕੰਸ਼ ਵਿੱਚ ਵਿਚਰਨ ਵਾਲੇ ਕਿਰਿਆ-ਰੂਪ ਹੁੰਦੇ ਹਨ
(1) ਉਦੇਸ਼ ਅਤੇ ਵਿਧੇਅ
(2) ਸੀਮਤ ਅਤੇ ਅਸੀਮਤ
(3) ਸੰਚਾਲਕ ਅਤੇ ਸਹਾਇਕ
(4) ਕਾਲਕੀ ਅਤੇ ਅਕਾਲਕੀ

133. ਕਿਸੇ ਵਾਕ ਜਾਂ ਉਪਵਾਕ ਦੇ ਮੂਲ ਅਰਥ-ਬੋਧਕ ਅੰਸ਼ ਹੁੰਦੇ ਹਨ
(1) ਤਿੰਨ (2) ਦੋ
(3) ਪੰਜ (4) ਚਾਰ

134. ਜਿਸ ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਅਰਬੀ-ਫਾਰਸੀ ਸ਼ਬਦਾਵਲੀ ਦਾ ਪ੍ਰਯੋਗ ਸਭ ਤੋਂ ਘੱਟ ਕੀਤਾ ਹੈ, ਉਹ ਹਨ
(1) ਗੁਰੂ ਨਾਨਕ ਦੇਵ (2) ਗੁਰੂ ਅੰਗਦ ਦੇਵ
(3) ਗੁਰੂ ਤੇਗ਼ ਬਹਾਦਰ (4) ਗੁਰੂ ਗੋਬਿੰਦ ਸਿੰਘ

135. 'ਜਪੁ' ਬਾਣੀ ਦੀਆਂ ਕਿੰਨੀਆਂ ਪਾਉੜੀਆਂ ਵਿੱਚ 'ਨਾਨਕ' ਮੁਹਰ-ਛਾਪ ਨਹੀਂ ਵਰਤੀ ਗਈ ?
(1) ਅੱਠ (2) ਦੱਸ
(3) ਬਾਰਾਂ (4) ਚੌਦਾਂ

136. 'ਰਾਇ ਹਸਨੇ ਮਹਿਮੇ' ਲੋਕ ਵਾਰ ਦੀ ਧੁਨੀ ਉੱਪਰ ਕਿਸ ਅਧਿਆਤਮਕ ਵਾਰ ਨੂੰ ਗਾਉਣਦਾ ਸੰਕੇਤ ਅੰਕਿਤ ਹੈ
(1) ਸਾਰੰਗ ਦੀ ਵਾਰ (2) ਸੋਰਠ ਦੀ ਵਾਰ
(3) ਗਉੜੀ ਦੀ ਵਾਰ (4) ਬਿਹਾਗੜਾ ਦੀ ਵਾਰ

137. 'ਵਾਰ ਦੁਰਗਸ਼ਾਹ' ਵਿੱਚ ਦੁਰਗਾ ਦੀ ਦੈਂਤਾਂ ਨਾਲ ਕਿੰਨੀ ਵਾਰੀ ਲੜਾਈ ਹੁੰਦੀ ਹੈ
(1) ਇੱਕ (2) ਦੋ
(3) ਤਿੰਨ (4) ਚਾਰ

138. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਅਧਿਆਤਮਕ ਵਾਰਾਂ ਵਿਚੋਂ ਕਿਸ ਗੁਰੂ ਸਾਹਿਬ ਦੀ ਵਾਰ ਸਭ ਤੋਂ ਵੱਡੀ ਹੈ
(1) ਗੁਰੂ ਅਮਰਦਾਸ (2) ਗੁਰੂ ਰਾਮਦਾਸ
(3) ਗੁਰੂ ਅਰਜਨ ਦੇਵ (4) ਗੁਰੂ ਨਾਨਕ ਦੇਵ

139. 'ਜੈ ਘਰਿ ਕੀਰਤਿ ਆਖੀਐ ਕਰਤੇ ਦਾ ਹੋਇ ਬੀਚਾਰੋ ।।' ਉਪਰੋਕਤ ਪੰਗਤੀ ਵਿੱਚ ਵਰਤੇ 'ਘਰਿ' ਸ਼ਬਦ ਨੂੰ ਸਿਹਾਰੀ ਮੰਤਰ ਕਿਸ ਕਾਰਨ ਅਧੀਨ ਆਈ ਹੈ
(1) ਕਰਤਾ ਕਾਰਕ (2) ਕਰਨ ਕਾਰਕ
(3) ਅਧਿਕਰਨ ਕਾਰਕ (4) ਸੰਪ੍ਰਦਾਨ ਕਾਰਕ

140. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਵਣਜਾਰਾ' ਸਿਰਲੇਖ ਹੇਠ ਕਿਸ ਗੁਰੂ ਸਾਹਿਬ ਦੀ ਬਾਣੀ ਦਰਜ ਹੈ
(1) ਗੁਰੂ ਨਾਨਕ ਦੇਵ (2) ਗੁਰੂ ਅੰਗਦ ਦੇਵ
(3) ਗੁਰੂ ਅਮਰਦਾਸ (4) ਗੁਰੂ ਰਾਮਦਾਸ

141. ਕਿਹੜੇ ਗੁਰੂ ਸਾਹਿਬ ਦੀ ਰਚਨਾ ਵਿੱਚ 'ਗਨਿਕਾ', 'ਹਾਥੀ', 'ਅਜਾਮਲ', 'ਧ੍ਰੂਅ' ਆਦਿ ਪੌਰਾਣਿਕ ਹਵਾਲਿਆਂ ਦਾ ਜ਼ਿਕਰ ਸਭ ਤੋਂ ਵੱਧ ਹੈ
(1) ਗੁਰੂ ਨਾਨਕ ਸਾਹਿਬ (2) ਗੁਰੂ ਅਮਰਦਾਸ
(3) ਗੁਰੂ ਰਾਮਦਾਸ (4) ਗੁਰੂ ਤੇਗ਼ ਬਹਾਦਰ

142. ਅਧਿਆਤਮਕ ਵਾਰਾਂ ਵਿਚੋਂ ਹੇਠ ਲਿਖੀ ਕਿਹੜੀ ਵਾਰ ਵਿੱਚ 'ਰਹਾਉ' ਪਦ ਆਇਆ ਹੈ
(1) ਆਸਾ ਦੀ ਵਾਰ (2) ਮਾਝ ਦੀ ਵਾਰ
(3) ਗਉੜੀ ਦੀ ਵਾਰ (4) ਸਿਰੀ ਰਾਗ ਦੀ ਵਾਰ

143. ਪ੍ਰੇਰਣਾਰਥਕ ਧਾਤੂ ਹੁੰਦੇ ਹਨ
(1) ਅਕਰਮਕ (2) ਸਕਰਮਕ
(3) ਦੁਕਰਮਕ (4) ਸਧਾਰਨ

144. ਹੇਠ ਲਿਖੀ ਕਿਹੜੀ ਵਾਰ ਦੇ ਆਰੰਭ ਵਿੱਚ ਪੂਰਾ ਮੂਲਮੰਤਰ ਦਰਜ਼ ਹੈ
(1) ਮਾਝ ਦੀ ਵਾਰ (2) ਮਲਾਰ ਦੀ ਵਾਰ
(3) ਆਸਾ ਦੀ ਵਾਰ (4) ਬਸੰਤ ਦੀ ਵਾਰ

145. ਭਾਰਤੀ-ਆਰੀਆ ਭਾਸ਼ਾਵਾਂ ਵਿਚੋਂ ਸਿੰਧੀ ਸਭ ਤੋਂ ਵੱਧ ਸੰਜੋਗਾਤਮਿਕ ਹੈ ਅਤੇ ਦੂਜੇ ਸਥਾਨ ਤੇ ਹੇਠ ਲਿਖੀ ਕਿਹੜੀ ਉਪਭਾਸ਼ਾ ਸੰਜੋਗਾਤਮਿਕ ਬਿਰਤੀ ਵਾਲੀ ਹੈ
(1) ਪੁਆਧੀ (2) ਲਹਿੰਦੀ
(3) ਡੋਗਰੀ (4) ਮਾਝੀ

146. 'ਲਾਈਫ਼ ਐਂਡ ਟਾਈਮਜ਼ ਆਫ਼ ਸ਼ੈਖ਼ ਫ਼ਰੀਦੁੱਦੀਨ' ਦੇ ਕਰਤਾ ਡਾ. ਖ਼ਲੀਕ ਅਹਿਮਦ ਨਿਜ਼ਾਮੀ ਬਾਬਾ ਫ਼ਰੀਦ ਦਾ ਜੀਵਨ ਕਾਲ ਮੰਨਦੇ ਹਨ
(1) 1175-1265 ਈ. (2) 1174-1266 ਈ.
(3) 1173-1266 ਈ. (4) 1172-1265 ਈ.

147. ਸ਼ਾਹ ਹੁਸੈਨ ਦੀਆਂ ਕਾਫ਼ੀਆਂ ਸਭ ਤੋਂ ਪਹਿਲਾਂ ਸੰਨ 1901 ਈ. ਵਿੱਚ ਕਿਸ ਪੁਸਤਕ ਵਿੱਚ ਪ੍ਰਕਾਸ਼ਿਤ ਕੀਤੀਆਂ ਗਈਆਂ
(1) ਸ਼ਬਦ ਤੇ ਸ਼ਲੋਕ ਭਗਤਾਂ ਦੇ
(2) ਮੁਕੰਮਲ ਕਲਾਮ ਸ਼ਾਹ ਹੁਸੈਨ ਲਾਹੌਰੀ
(3) ਸਾਹ ਹੁਸੈਨ-ਰਚਨਾ, ਨਰੀਖਣ ਅਤੇ ਵਿਚਾਰ
(4) ਚੋਣ ਵੀਆਂ ਕਾਫ਼ੀਆਂ

148. ਪੰਜਾਬੀ ਵਿੱਚ 'ਸਤਵਾਰਾ' ਲੋਕ ਕਾਵਿ ਰੂਪ ਦੀ ਸਭ ਤੋਂ ਪਹਿਲਾਂ ਰਚਨਾ ਕਿਸਨੇ ਕੀਤੀ
(1) ਗੁਰੂ ਨਾਨਕ ਦੇਵ (2) ਭਗਤ ਕਬੀਰ
(3) ਗੁਰੂ ਅਮਰਦਾਸ (4) ਸਾਈਂ ਬੁਲ੍ਹੇਸ਼ਾਹ

149. ਭਾਸ਼ਾ ਵਿਭਾਗ ਪੰਜਾਬ ਵੱਲੋਂ ਸੰਨ 1970 ਈ. ਵਿੱਚ ਪ੍ਰਕਾਸ਼ਿਤ 'ਸੁਲਤਾਨ ਬਾਹੂ' ਵਿੱਚ ਉਸਦੀ ਰਚਨਾ ਦੇ ਕੁੱਲ ਕਿੰਨੇ ਬੰਦ ਦਰਜ ਹਨ
(1) 183 (2) 184
(3) 185 (4) 186

150. ਡਾ. ਮੋਹਨ ਸਿੰਘ ਦੀਵਾਨਾ ਅਤੇ ਡਾ. ਲਾਜਵੰਤੀ ਰਾਮਾਕ੍ਰਿਸ਼ਨਾ ਅਨੁਸਾਰ ਕਿਹੜਾ ਸੂਫ਼ੀ ਯੋਗ-ਸਾਧਨਾ ਦੇ ਧਿਆਨ, ਪ੍ਰਾਣਾਯਾਮ ਅਤੇ ਅਨਾਹਤ ਸ਼ਬਦ ਨੂੰ ਅਪਣਾਉਂਦਾ ਹੈ
(1) ਮੀਆਂ ਵਜੀਦ (2) ਬੁਲ੍ਹੇ ਸ਼ਾਹ
(3) ਸ਼ਾਹ ਹੁਸੈਨ (4) ਬਾਬਾ ਫ਼ਰੀਦ